**ਦਫਤਰ ਰਾਜ ਸਿਖਿਆਰਥੀਪਣ ਸਲਾਹਕਾਰ-ਕਮ**
**ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਉ:ਸਿ:ਵਿੰਗ)**
**ਪਲਾਟ ਨੰ:1 ਏ,ਸੈਕਟਰ: 36-ਏ, ਚੰਡੀਗੜ੍ਹ ।**

# ਦਾਖਲਾ ਨੋਟਿਸ

## ਅਪ੍ਰੇਟਿਸਿਜ ਐਕਟ 1961 ਅਧੀਨ ਅਪ੍ਰੈਟਿਸਸਿਪ ਟ੍ਰੇਨਿੰਗ
## ਨਿਯੁਕਤੀਕਾਰਾਂ ਅਤੇ ਮਾਲਕਾ ਦੇ ਧਿਆਨਯੋਗ

ਨਿੱਜੀ, ਸਰਕਾਰੀ ਅਤੇ ਜਨਤਕ ਖੇਤਰ (ਜਿਸ ਵਿਚ ਪੰਜਾਬ ਰਾਜ ਦੇ ਬੋਰਡ, ਕਾਰਪੋਰੇਸ਼ਨ, ਨਗਰ ਨਿਗਮ, ਮਿਉਸਪਲ ਕਮੇਟੀਆਂ ਵੀ ਸ਼ਾਮਲ ਹਨ) ਦੇ ਨਿਯੁਕਤੀਕਾਰ ਜਿਨ੍ਹਾਂ ਦੇ ਕਿੱਤੇ ਅਪ੍ਰੇਟਿਸਸ਼ਿਜ਼ ਐਕਟ 1961 ਅਧੀਨ ਡੈਜੀਗਨੇਟਿਡ ਟਰੇਡਾਂ ਦੀ ਸੂਚੀ ਵਿਚ ਆਉਂਦੇ ਹਨ, ਉਹ ਅਪਰੇਟਿਸਾਂ ਦੀ ਨਿਰਧਾਰਤ ਰੇਸ਼ੋ ਅਨੁਸਾਰ ਲਗਾਉਣ ਲਈ ਪਾਬੰਦ ਹਨ।

ਮਿਤੀ 30-9-2010 ਤੱਕ ਉਪਲਬਧ ਅਸੈਸਡ/ਖਾਲੀ ਸੀਟਾਂ ਵਿਚ ਲੋੜੀਦੀ ਬਣਦੀ ਗਿਣਤੀ ਵਿਚ ਅਪ੍ਰੇਟਿਸ ਭਰਤੀ ਕੀਤੇ ਜਾਣੇ ਚਾਹੀਦੇ ਹਨ ਦਾਖਲੇ ਆਦਿ ਸਬੰਧੀ ਕੁਝ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ ਵਧੇਰੇ ਜਾਣਕਾਰੀ ਲਈ ਨੇੜੇ ਦੇ ਸਹਾਇਕ ਸਿਖਿਆਰਥੀਪਣ ਸਲਾਹਕਾਰ-ਕਮ-ਪ੍ਰਿੰਸੀਪਲ ਉਦਯੋਗਿਕ ਸਿਖਲਾਈ ਸੰਸਥਾਂ ਨਾਲ ਸੰਪਰਕ ਕੀਤਾ ਜਾਵੇ।

1 ਹਰ ਐਪਰੈਂਟਿਸ ਨਾਲ ਸਬੰਧਤ ਟਰੇਨਿੰਗ ਸਮਾਂ ਉਸਦੇ ਟਰੇਡ ਤੇ ਨਿਰਭਰ ਕਰਦਾ ਹੈ, ਅਪ੍ਰੇਟਿਸਿਜ ਐਕਟ 1961 ਅਧੀਨ ਅਪ੍ਰੇਟਿਸਸਿਪ ਸਿਖਲਾਈ ਦਾ ਸਮਾਂ 6 ਮਹੀਨੇ ਤੋਂ 4 ਸਾਲਾ ਤੱਕ ਦਾ ਹੁੰਦਾ ਹੈ

2 ਫਰੈਸਰ ਭਰਤੀ ਕੀਤੇ ਅਪ੍ਰੈਟਿਸ ਨੂੰ ਬੇਸਿਕ ਟ੍ਰੇਨਿੰਗ ਅਤੇ ਬਾਅਦ ਸ਼ਾਪ ਫਲੌਰ ਟ੍ਰੇਨਿੰਗ ਤੇ ਵੀ ਉਸੇ ਅਦਾਰੇ ਵੱਲੋ ਹੀ ਲਗਾਇਆ ਜਾਂਦਾ ਹੈ। ਬੇਸਿਕ ਟ੍ਰੇਨਿੰਗ ਅਤੇ ਸ਼ਾਪ ਫਲੌਰ ਟ੍ਰੇਨਿੰਗ ਦੌਰਾਨ ਲਗਾਏ ਸਮੇ ਦਾ ਵਜੀਫਾ ਭਾਰਤ ਸਰਕਾਰ ਵੱਲੋ ਨਿਰਧਾਰਤ ਦਰਾਂ ਤੇ ਸਬੰਧਤ ਅਦਾਰੇ ਵੱਲੋ ਦਿੱਤਾ ਜਾਣਾ ਹੈ।

3 ਜਿੰਨ੍ਹਾਂ ਉਮੀਦਵਾਰਾਂ ਨੇ ਸਬੰਧਤ ਟਰੇਡ ਵਿਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਆਈ.ਟੀ.ਆਈ ਵਿਚ ਟ੍ਰੇਨਿੰਗ ਉਪਰੰਤ ਨੈਸ਼ਨਲ ਟਰੇਡ ਸਰਟੀਫਿਕੇਟ ਸਟੇਟ ਟਰੇਡ ਸਰਟੀਫਿਕੇਟ ਪ੍ਰਾਪਤ ਕੀਤਾ ਹੋਇਆ ਹੈ, ਉਨ੍ਹਾਂ ਨੂੰ ਟ੍ਰੇਨਿੰਗ ਸਮੇ ਵਿਚ ਅਪ੍ਰੇਟਿਸਸਿਜ਼ ਐਕਟ 1961 ਅਨੁਸਾਰ ਰਿਬੇਟ ਦਿੱਤੀ ਜਾਵੇਗੀ।

4 ਉਹ ਸਾਰੇ ਅਦਾਰੇ ਜਿੰਨ੍ਹਾਂ ਪਾਸ ਆਪਣੇ ਮਨਜੂਰ ਸ਼ੁਦਾ ਬੇਸਿਕ ਟ੍ਰੇਨਿੰਗ ਸੈਂਟਰ ਨਹੀ ਹਨ ਪਰੰਤੂ ਉਨਾਂ ਵਿਚ ਕੰਮ ਕਰਦੇ ਵਰਕਰਾਂ ਦੀ ਗਿਣਤੀ 250 ਜਾਂ ਇਸ ਤੋ ਵੱਧ ਹੋਵੇ ਉਹ ਕੇਵਲ ਆਈ.ਟੀ.ਆਈ ਪਾਸ ਟਰੇਡ ਸਰਟੀਫਿਕੇਟ ਵਾਲੇ ਉਮੀਦਵਾਰਾਂ ਨੂੰ ਹੀ ਬਤੌਰ ਅਪ੍ਰੇਟਿਸ ਭਰਤੀ ਕਰਨ ਉਪਰੰਤ ਖਾਲੀ ਰਹਿ ਗਈਆ ਸੀਟਾਂ ਨੂੰ ਪੰਜਾਬ ਵਾਸੀ ਦੇ ਫਰੈਸਰ ਉਮੀਦਵਾਰਾਂ ਰਾਂਹੀ ਭਰਤੀ ਕਰਨਗੇ। ਇਹ ਯਕੀਨੀ ਬਣਾਉਣਗੇ ਕਿ ਅਸੈਸ ਹੋਈਆ ਸੀਟਾਂ ਵੱਧ ਤੋ ਵੱਧ ਭਰੀਆਂ ਜਾਣ। ਫਰੈਸਰ ਅਪਰੈਟਿਸਾਂ ਨੂੰ ਬੇਸਿਕ ਟ੍ਰੇਨਿਗ /ਬੇਸਿਕ ਟ੍ਰੇਨਿੰਗ ਸੈਟਰ ਵਿਚ ਦਿੱਤੀ ਜਾਵੇਗੀ। ਪਰੰਤੂ ਇਸ ਤੇ ਹੋਣ ਵਾਲਾ ਖਰਚ ਸਬੰਧਤ ਨਿਯੁਕਤੀਕਾਰ ਨੂੰ ਦੇਣਾ ਪਵੇਗਾ । ਆਈ ਟੀ ਆਈ ਪਾਸ ਨੈਸਨਲ ਟਰੇਡ ਸਰਟੀਫਿਕੇਟ ਵਾਲੇ ਉਮੀਦਵਾਰਾਂ ਨੂੰ ਪਹਿਲ ਦੇ ਆਧਾਰ ਤੇ ਬਤੌਰ ਅਪਰੈਟਿਸ ਭਰਤੀ ਕਰਨਗੇ। ਵਜ਼ੀਫੇ ਦੀ ਡਿਟੇਲ ਇਸ ਨੋਟਿਸ ਦੇ ਪੈਰਾ 10 ਵਿੱਚ ਦਿੱਤੀ ਗਈ ਹੈ।

5 ਕਿਸੇ ਵੀ ਡੈਜੀਗਨੇਟਿਡ ਟਰੇਡ ਵਿਚ ਅਪ੍ਰੇਟਸ਼ਿਪ ਟਰੇਨਿੰਗ ਪ੍ਰਾਪਤ ਕਰਨ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਲਾਜ਼ਮੀ ਹਨ।

ੳ) ਉਮੀਦਵਾਰ ਦੀ ਉਮਰ 14 ਸਾਲ ਤੋ ਘੱਟ ਨਾ ਹੋਵੇ।

ਅ) ਉਮੀਦਵਾਰ ਨਿਯਮਾਂ ਅਧੀਨ ਘੱਟੋ-ਘੱਟ ਨਿਰਧਾਰਿਤ ਵਿਦਿਅਕ ਯੋਗਤਾਵਾਂ ਅਤੇ ਸਰੀਰਕ ਫਿਟਨੈਸ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

6 25% ਸੀਟਾਂ ਅਨੁਸੂਚਿਤ ਜਾਤੀਆਂ/ ਅਨੁਸੂਚਿਤ ਕਬੀਲਿਆ, 3% ਅਪਾਹਜ (Visually impaired1% Deaf 1% Orthopaedically Handicapped 1% ) ਅਤੇ 10% ਔਰਤਾਂ ਲਈ ਰਾਖਵੀਆਂ ਹਨ।ਮਿਤੀ 28.1.2008 ਦੀ ਨੋਟੀਫਿਕੇਸ਼ਨ ਦੀ ਪਾਲਣਾ ਯਕੀਨੀ ਬਣਾਇਆ ਜਾਵੇ।

7 ਅਦਾਰੇ, ਅਪ੍ਰੈਟਿਸ ਭਰਤੀ ਕਰਨ ਲਈ ਹੇਠ ਲਿਖੀ ਕੋਈ ਇੱਕ ਵਿੱਧੀ ਅਪਣਾਉਣਗੇ :-

ੳ) ਅਖਬਾਰਾਂ ਵਿਚ ਵਿਗਿਆਪਨ ਦੇ ਕੇ ।

ਅ) ਏਰੀਏ ਨਾਲ ਸਬੰਧਤ ਸਹਾਇਕ ਸਿੱਖਿਆਰਥੀਪਣ ਸਲਾਹਕਾਰ-ਕਮ-ਪ੍ਰਿੰਸੀਪਲ ਉਦਯੌਗਿਕ ਸਿਖਲਾਈ ਸੰਸਥਾਵਾਂ ।

ੲ) ਡਾਇਰੈਕਟੋਰੇਟ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਪਲਾਟ ਨੰ:1 ਸੈਕਟਰ-36 ਏ, ਚੰਡੀਗੜ੍ਹ ਦੇ (ਅਪ੍ਰੈਟਿਸਿਪ ਅਤੇ ਪਲੇਸਮੈਟ ਸ਼ਾਖਾ )

ਸ) ਲੋਕਲ ਰੋਜਗਾਰ ਦਫਤਰ।

8 ਅਪ੍ਰੈਂਟਿਸਸ਼ਿਪ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਉਮੀਦਵਾਰ, ਆਪਣੇ ਨਾਮ ਨੇੜੇ ਦੇ ਸਹਾਇਕ ਸਿੱਖਿਆਰਥੀਪਣ ਸਲਾਹਕਾਰ-ਕੰਮ-ਪ੍ਰਿੰਸੀਪਲ ਉਦਯੋਗਿਕ ਸਿਖਲਾਈ ਸੰਸਥਾਂ, ਡਾਇਰੈਕਟੋਰੇਟ ਉਦਯੋਗਿਕ ਸਿਖਲਾਈ ਵਿਭਾਗ (ਅਪ੍ਰੇਟਿਸਿਪ ਅਤੇ ਪਲੇਸਮੈਟ ਸ਼ਾਖਾ) ਪੰਜਾਬ ਚੰਡੀਗੜ੍ਹ ਅਤੇ ਨੇੜੇ ਦੇ ਰੋਜਗਾਰ ਦਫਤਰ ਵਿਚ ਦਰਜ ਕਰਾਉਣ ਲਈ ਸੰਪਰਕ ਕਰਨ।

9 ਅਪ੍ਰੇਟਿਸਸਿਪ ਟ੍ਰੇਨਿੰਗ ਲਈ ਬੁਲਾਏ ਗਏ ਉਮੀਦਵਾਰ ਇੰਟਰਵਿਊ ਦੇ ਸਮੇ ਅਸਲ ਸਰਟੀਫਿਕੇਟ ਲੈਕੇ ਆਉਣ (ਜਦੋ ਕਿਸੇ ਨਿਯੁੱਕਤੀਕਾਰ ਵੱਲੋ ਬੁਲਾਇਆ ਜਾਵੇ) ਜਿਸ ਉਮੀਦਵਾਰ ਕੋਲ ਅਸਲ ਦਸਤਾਵੇਜ ਨਹੀ ਹੋਣਗੇ ਉਸ ਦੀ ਉਮੀਦਵਾਰੀ ਖਾਰਜ ਕੀਤੀ ਜਾ ਸਕਦੀ ਹ

10 ਜਿਹੜੇ ਉਮੀਦਵਾਰ ਕਿਸੇ ਨਿਯੁਕਤੀਕਾਰ ਵੱਲੋ ਬਤੌਰ ਅਪ੍ਰੈਟਿਸ ਭਰਤੀ ਕੀਤੇ ਜਾਣਗੇ ਉਨ੍ਹਾਂ ਦੀ ਸਿਖਲਾਈ ਮੁਫਤ ਹੋਵੇਗੀ ਅਤੇ ਉਨ੍ਹਾਂ ਨੂੰ ਹੋਸਟਲ ਦੀ ਸਹੂਲਤ ਵੀ ਨੇੜੇ ਦੇ ਆਈ.ਟੀ.ਆਈ ਵਿਚ (ਜਿਥੇ ਇਹ ਸਹੂਲਤ ਉਪਲਬਧ ਹੋਵੇ) ਦਿੱਤੀ ਜਾਵੇਗੀ। ਇਸ ਤੋ ਇਲਾਵਾ ਸਿਖਲਾਈ ਦੌਰਾਨ ਵਜੀਫਾ ਪਹਿਲੇ ਸਾਲ 1090/- ਰੁਪਏ, ਦੂਜੇ ਸਾਲ 1240 ਰੁਪਏ ,ਤੀਜੇ ਸਾਲ 1440/- ਰੁਪਏ ਅਤੇ ਚੌਥੇ ਸਾਲ 1620/- ਰੁਪਏ ਪ੍ਰਤੀ ਮਹੀਨੇ ਦੀ ਦਰ ਨਾਲ ਦਿੱਤਾ ਜਾਵੇਗਾ।

11 ਫਰੈਸ਼ਰ ਅਪ੍ਰੇਟਿਸਾਂ ਦੀਆਂ ਆਰ.ਆਈ.ਕਲਾਸਾ ਸਬੰਧਤ ਅਦਾਰੇ ਵਲੋ ਜਿਥੇ ਉਸ ਨੂੰ ਰੱਖਿਆ ਗਿਆ ਹੈ ਉਹਨਾਂ ਵਲੋ ਹੀ ਆਪਣੇ ਖਰਚੇ ਤੇ ਦਿੱਤੀਆ ਜਾਣਗੀਆ ।

12 ਇੱਛਾਵਾਨ ਉਮੀਦਵਾਰ ਆਪਣੇ ਏਰੀਏ ਨਾਲ ਸਬੰਧਤ ਦੇ ਸਹਾਇਕ ਸਿੱਖਿਆਰਥੀਪਣ ਸਲਾਹਕਾਰ-ਕੰਮ-ਪ੍ਰਿੰਸੀਪਲ ਆਈ.ਟੀ.ਆਈ ਨਾਲ ਮਿਤੀ:31-8-2010 ਤੱਕ ਸੰਪਰਕ ਕਰਨ ਅਤੇ ਬਾਅਦ ਅਰਜ਼ੀਆਂ ਅਦਾਰੇ ਵੱਲੋ ਛਾਣਬੀਣ ਕਰਨ ਉਪਰੰਤ ਮਿਤੀ 30-9-2010 ਤੱਕ ਯੋਗ ਉਮੀਦਵਾਰਾਂ ਦੀ ਨਿਯੁੱਕਤੀਕਾਰ ਵੱਲੋ ਚੋਣ ਕੀਤੀ ਜਾਵੇ ਅਤੇ ਜੁਆਇੰਨ ਕਰਵਾਇਆ ਜਾਵੇਗਾ।

13 ਮਾਲਕ/ਨਿਯੁਕਤੀਕਾਰਾਂ ਵੱਲੋ ਭਰਤੀ ਕੀਤੇ ਗਏ ਅਪ੍ਰੇਟਿਸ ਦਾ ਕੰਟਰੈਕਟ ਫਾਰਮ ਸਮੇਤ ਮਾਨਤਾ ਪ੍ਰਾਪਤ ਦਸਤਾਵੇਜ ਭਰਤੀ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਸਹਾਇਕ ਸਿੱਖਿਆਰਥੀਪਣ ਸਲਾਹਕਾਰ-ਕੰਮ-ਪ੍ਰਿੰਸੀਪਲ ਉਦਯੋਗਿਕ ਸਿਖਲਾਈ ਸੰਸਥਾਂ ਨੂੰ ਕੰਟਰੈਕਟ ਰਜਿਸਟਰ ਕਰਨ ਹਿੱਤ ਭੇਜੇ ਜਾਣ। ਨਿਯੁਕਤੀਕਾਰ ਅਤੇ ਅਪ੍ਰੇਟਿਸ ਦੋਨਾਂ ਦੀ ਜਿੰਮੇਵਾਰ ਹੋਵੇਗੀ ਕਿ ਕੰਟਰੈਕਟ ਸਮੇ ਸਿਰ ਰਜਿਸਟਰ ਕਰਵਾਏ ਜਾਣ।

14 ਨਿਯੁਕਤੀਕਾਰਾਂ ਵੱਲੋ ਭਰਤੀ ਕੀਤੇ ਗਏ ਫਰੈਸ਼ਰ ਅਪ੍ਰੇਟਿਸ ਨੂੰ ਬੇਸਿਕ ਟ੍ਰੇਨਿੰਗ ਲਈ ਸਮੇ ਸਿਰ ਛੱਡਿਆ ਜਾਵੇ।

15 ਹਰ ਨਿਯੁਕਤੀਕਾਰ ਭਰਤੀ ਕੀਤੇ ਗਏ ਹਰੇਕ ਅਪ੍ਰੇਟਿਸ ਦਾ ਅਪ੍ਰੇਟਿਸਸ਼ਿਪ ਟ੍ਰੇਨਿੰਗ ਦਾ ਰਿਕਾਰਡ ਰੱਖੇਗਾ। ਇਸ ਸਬੰਧ ਵਿਚ ਜ਼ਰੂਰੀ ਰਿਪੋਰਟਾਂ ਨਿਰਧਾਰਤ ਫਾਰਮਾਂ ਵਿਚ ਤਿਆਰ ਕਰਕੇ ਸਮੇਂ ਸਿਰ ਸਬੰਧਤ ਸਹਾਇਕ ਸਿੱਖਿਆਰਥੀਪਣ ਸਲਾਹਕਾਰ-ਕੰਮ-ਪ੍ਰਿੰਸੀਪਲ ਉਦਯੋਗਿਕ ਸਿਖਲਾਈ ਸੰਸਥਾਂ ਨੂੰ ਭੇਜੇਗਾ।

16 ਅਪ੍ਰੇਟਿਸ਼ਿਪ ਟ੍ਰੇਨਿੰਗ ਸਕੀਮ ਨੂੰ ਅਪ੍ਰੇਟਿਸਸ਼ਿਜ ਐਕਟ 1961 ਦੀਆਂ ਅਲੱਗ-2 ਧਾਰਾਵਾਂ ਅਨੁਸਾਰ ਤੁਰੰਤ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਬੰਧਤ ਅਦਾਰਿਆਂ ਨੂੰ ਕਦਮ ਚੁੱਕਣੇ ਚਾਹੀਦੇ ਹਨ।

17 ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਦਾਰੇ ਨੂੰ ਅਪ੍ਰੇਟਿਸਸਿਜ ਐਕਟ 1961 ਦੀ ਧਾਰਾ 30 ਅਧੀਨ ਸਜ਼ਾ ਹੋ ਸਕਦੀ ਹੈ।

18 ਜਿਨਾਂ ਅਦਾਰਿਆ ਦੇ ਵਰਕਰਾਂ ਦੀ ਗਿਣਤੀ 250 ਤੋ ਘੱਟ ਹੈ ਉਹਨਾਂ ਦੇ ਨਿਯੁਕਤੀਕਾਰ ਵੱਲੋ ਕੇਵਲ ਪੰਜਾਬ ਰਾਜ ਦੇ ਪੱਕੇ ਵਸਨੀਕਾਂ (bonafide resident) ਆਈ ਟੀ ਆਈ ਪਾਸ ਨੂੰ ਹੀ ਬਤੌਰ ਅਪ੍ਰੇਟਿਸ ਭਰਤੀ ਕਰਨਾ ਚਾਹੀਦਾ ਹੈ।

19 ਆਈ.ਟੀ.ਆਈ. ਪਾਸ ਉਮੀਦਵਾਰ ਨਾ ਮਿਲਣ ਦੀ ਸੂਰਤ ਵਿਚ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਇਸ ਸਬੰਧੀ ਰਾਜ ਸਿੱਖਿਆਰਥੀਪਣ ਸਲਾਹਕਾਰ ਵੱਲੋ ਨਾ ਉਪਲਬਧ ਸਰਟੀਫਿਕੇਟ ਲੈਣ ਉਪਰੰਤ ਫਰੈਸ਼ਰ ਸਿੱਖਿਆਰਥੀ (ਜਿਹੜੇ ਕਿ ਪੰਜਾਬ ਰਾਜ ਦੇ ਹੀ ਪੱਕੇ ਵਸਨੀਕ ਹੋਣ) ਨੂੰ ਭਰਤੀ ਕੀਤਾ ਜਾ ਸਕਦਾ ਹੈ।

ਮਿਤੀ 2.8.2010
ਚੰਡੀਗੜ੍ਹ

ਵੀ.ਕੇ. ਸ਼ਰਮਾ, ਆਈ.ਏ.ਐਸ.
ਰਾਜ ਸਿਖਿਆਰਥੀਪਣ ਸਲਾਹਕਾਰ/ਡਾਇਰੈਕਟਰ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।